ਬੱਚਿਆਂ ਲਈ ਬਾਈਬਲ

ਉੱਪਸਥਿਤ

# ਅਮੀਰ ਆਦਮੀ, ਗਰੀਬ ਆਦਮੀ



ਦੁਆਰਾ ਲਿਖਿਆ ਗਿਆ : Edward Hughes

ਦੁਆਰਾ ਦਿੱਤੀਆਂ ਗਈਆਂ ਉਦਾਹਰਣਾਂ : M. Maillot; Lazarus

ਦੁਆਰਾ ਬਦਲਿਆ ਗਿਆ : M. Maillot; Sarah S.

ਦੁਆਰਾ ਕੀਤਾ ਗਿਆ ਅਨੁਵਾਦ : Rev. Tasveer ull haque

ਦੁਆਰਾ ਬਣਾਇਆ ਗਿਆ : Bible for Children
www.M1914.org

©2014 Bible for Children, Inc.
ਆਗਿਆ ਦੇਣ.ੀ : ਜਦ ਤੱਕ ਤੁਸੀ ਇਸ ਨੂੰ ਵੇਚਦੇ ਨਹੀ ਤਦ ਤੱਕ ਤੁਹਾਨੂੰ ਅਧਿਕਾਰ ਹੈ ਕਿ
ਤੁਸੀ ਇਸ ਕਹਾਣੀ ਨੂੰ ਛਾਪ ਸਕੋ ਜਾ ਇਸ ਦੀ ਨਕਲ ਉਤਾਰ ਸਕੋ।

ਯਿਸੂ ਜਾਣਦਾ ਸੀ ਕੀ ਬਹੁਤ ਸਾਰੇ ਧਾਰਮੀਕ ਆਗੂ ਪਰਮੇਸ਼ਵਰ ਨਾਲੋਂ ਜਿਆਦਾ ਪੈਸੇ ਨੂੰ ਪਿਆਰ ਕਰਦੇ ਹਨ। ਉਸਨੇ ਦੱਸਿਆ ਕੀ ਦੋ ਲੋਕਾਂ ਨੂੰ ਕੀ ਹੋਇਆ, ਅਤੇ ਕਿਉ ਅਮੀਰ ਹੋਣਾ ਪਰਮੇਸ਼ਵਰ ਤੋਂ ਬਿਨਾਂ ਵਿਅਰਥ ਹੈ? ਅਮੀਰ ਸਵਰਗ ਵਿੱਚ ਪਰਮੇਸ਼ਵਰ ਤੋਂ ਜਿੰਦਗੀ ਨਹੀ ਖਰੀਦ ਸਕਦੇ।



ਉੱਥੇ ਬਹੁਤ ਸਾਰੇ ਅਮੀਰ
ਸਨ ਜਿਹਨਾਂ ਨੇ ਸੁੰਦਰ
ਕੱਪੜੇ ਪਾਏ ਸਨ ਜਿਹਨਾਂ
ਦੀ ਕੀਮਤ ਬਹੁਤ ਪੈਸੇ
ਸਨ।ਉਸ ਨੇ ਬਾਦਸ਼ਾਹ
ਦੇ ਵਾਗੂੰ ਪੋਸ਼ਾਕ
ਪਹਿਨੀ ਸੀ।



ਅਮੀਰ ਅਦਮੀ ਜੋ ਭੋਜਨ ਵੀ ਵਧੀਆ ਕਰਦਾ ਸੀ। ਹਰ ਸਮੇ ਦਾ ਭੋਜਨ ਇੱਕ ਵੱਡੇ ਭੋਜ ਦੇ ਵਾਗੂੰ ਸੀ। ਉਸਦੇ ਕੋਲ ਬਹੁਤ ਪੈਸੇ ਸਨ ਉਹ ਖਾਣ ਲਈ ਕੁਝ ਵੀ ਖਰੀਦ ਸਕਦਾ ਸੀ ਉਹ ਸਵੇਰ ਦਾ ਨਾਸ਼ਤਾ, ਦੁਪਹਿਰ ਦਾ ਭੋਜਨ, ਰਾਤ ਦਾ ਭੋਜਨ ਅਤੇ ਉਸ

ਵਿਚਕਾਰ ਨਾਸ਼ਤਾ ਚਾਹੁੰਦਾ ਸੀ।



ਅਮੀਰ ਆਦਮੀ ਦੇ ਘਰ ਦੇ ਦਰਵਾਜੇ ਤੇ ਇੱਕ ਗਰੀਬ, ਬੀਮਾਰ ਅਤੇ ਭੁੱਖ ਨਾਲ ਮਰ ਰਿਹਾ ਭਿਖ਼ਾਰੀ ਸੀ। ਉਸਦਾ ਨਾ ਲ਼ਾਜ਼ਰ ਸੀ।



ਗਰੀਬ ਲ਼ਾਜ਼ਰ ਫੋੜਿਆਂ ਨਾਲ ਭਰਿਆ ਸੀ। ਸ਼ਾਇਦ ਉਸਨੂੰ ਇੱਕ ਬੀਮਾਰੀ ਸੀ। ਉਸਦੇ ਹੋਰ ਵੀ ਰਗੜਾਂ ਅਤੇ ਜਖਮ ਸਨ। ਸ਼ਾਇਦ ਉਸ ਦੇ ਫੋੜੇ ਇਸ ਲਈ ਸਨ ਕਿਉਂਕਿ ਉਸਨੇ ਚੰਗਾ ਭੋਜਨ ਨਹੀ ਖਾਦਾ ਜਿਵੇਂ - ਦੁੱਧ, ਸਬਜੀਆਂ ਅਤੇ ਮੀਟ।



ਲ਼ਾਜ਼ਰ ਭੋਜਨ ਦੀ
ਉਡੀਕ ਵਿੱਚ ਸੀ। ਉਹ
ਅਮੀਰ ਆਦਮੀ ਦੇ
ਮੇਜ ਤੋਂ ਦਿੱਗੇ ਹੋਏ
ਟੁਕੜਿਆਂ ਨਾਲ
ਖੁਸ਼ ਸੀ।



ਕਈ ਵਾਰ ਅਵਾਰਾ
ਕੁੱਤੇ ਗਰੀਬ ਲਾਚਾਰ
ਭਿਖ਼ਾਰੀ ਉੱਪਰ
ਪੈਡ ਕਰਦੇ ਸਨ।
ਉਹ ਉਸਦੇ
ਦਵਾਲੇ ਸੁੰਘਦੇ
ਅਤੇ ਉਸਦੇ
ਜਖਮ ਚੱਟਦੇ
ਸਨ।



ਇੱਕ ਸਵੇਰ ਲ਼ਾਜ਼ਰ ਨਾ
ਉੱਠਿਆ। ਭੁੱਖਾ
ਗਰੀਬ, ਬਿਨਾਂ
ਦੋਸਤਾਂ ਤੋਂ
ਭਿਖਾਰੀ ਇਹ
ਦੁਨੀਆ ਛੱਡ
ਗਿਆ ਸੀ।
ਲ਼ਾਜ਼ਰ ਮਰ
ਗਿਆ ਸੀ।



ਜਦ ਉਹ ਮਰ ਗਿਆ ਉਸੇ ਸਮੇ ਤੋਂ
ਲ਼ਾਜ਼ਰ ਲਈ ਖ਼ੁਸ਼ੀ ਦਾ ਸਮਾਂ ਸ਼ੁਰੂ ਹੋ ਗਿਆ।
ਯਿਸੂ ਨੇ ਚੇਲਿਆਂ ਨੂੰ ਆਖਿਆ ਕੀ ਉਸ ਨੂੰ ਅਬਰਾਹਾਮ
ਦੇ ਕੋਲ ਲੈ ਜਾਉ। ਲ਼ਾਜ਼ਰ ਨੂੰ ਪਰਮੇਸ਼ਵਰ ਦੁਆਰਾ
ਆਰਾਮ ਮਿਲਿਆ।



ਅਮੀਰ ਆਦਮੀ ਵੀ ਮਰ ਗਿਆ। ਉਸ ਦੇ ਸਾਰੇ ਪੈਸੇ ਉਸਦੀ ਜਾਨ ਨਾ ਬਚਾ ਸਕੇ। ਜਦ ਮੌਤ ਆਉਂਦੀ ਹੈ, ਉਸਨੂੰ ਕੋਈ ਨਹੀ ਰੋਕ ਸਕਦਾ।



ਅਮੀਰ ਆਦਮੀ ਦਫ਼ਨਾਇਆ ਗਿਆ। ਸ਼ਾਇਦ ਇਹ ਇੱਕ ਵੱਡਾ ਜਨਾਜਾ ਸੀ। ਸ਼ਾਇਦ ਲੋਕਾਂ ਨੇ ਅਮੀਰ ਆਦਮੀ ਦੀ ਸਫਲਤਾ ਅਤੇ ਹੁਸ਼ਿਆਰ ਹੋਣ ਲਈ ਤਾਰੀਫ਼ ਕੀਤੀ। ਪਰ ਉਹਨਾਂ ਦੀ ਤਾਰੀਫ਼ ਨੇ ਉਸ ਦੀ ਸਹਾਇਤਾ ਨਾ ਕੀਤੀ। ਅਮੀਰ ਆਦਮੀ ਨਰਕ ਵਿੱਚ ਸੀ।



ਨਰਕ ਵਿੱਚ ਅਮੀਰ ਆਦਮੀ ਰੋਇਆ, “ਪਿਤਾ ਅਬਰਾਹਾਮ, ਲ਼ਾਜ਼ਰ ਨੂੰ ਭੇਜੋ ਕੀ ਉਹ ਆਪਣੀ ਉਂਗਲ ਦਾ ਪੋਟਾ ਪਾਣੀ ਵਿੱਚ ਡਬੋ ਕੇ ਮੇਰੀ ਜੀਭ ਨੂੰ ਠੰਡਾ ਕਰੇ; ਕਿਉਂਕਿ ਮੈਂ ਇਸ ਅੱਗ ਵਿੱਚ ਕਸ਼ਟ ਝੱਲ ਰਿਹਾ ਹਾਂ। ”



"ਜਿੰਦਗੀ ਵਿੱਚ ਤੂੰ ਸਭ ਕੁਝ ਪਾਇਆ ਪਰ ਲ਼ਾਜ਼ਰ ਨੇ ਕੁਝ ਨਹੀ," ਅਬਰਾਹਾਮ ਨੇ ਅਮੀਰ ਆਦਮੀ ਨੂੰ ਯਾਦ ਕਰਵਾਇਆ। "ਹੁਣ ਲ਼ਾਜ਼ਰ ਆਰਾਮ ਵਿੱਚ ਅਤੇ ਤੂੰ ਕਸ਼ਟ ਝੱਲ ਰਿਹਾ ਹੈ। ਸਾਡੇ ਵਿਚਲੀ ਵੱਡੀ ਖਾਈ ਨੂੰ ਕੋਈ ਵੀ ਪਾਰ ਨਹੀ ਕਰ ਸਕਦਾ।"





“ਮੇਰੇ ਪੰਜ ਭਰਾਵਾਂ ਨੂੰ ਚੇਤਾਵਨੀ ਦੇਣ ਲਈ ਲ਼ਾਜ਼ਰ ਨੂੰ ਭੇਜੋ,” ਅਮੀਰ ਆਦਮੀ ਨੇ ਬੇਨਤੀ ਕੀਤੀ। “ਮੈਂ ਉਹਨਾਂ ਦਾ ਅੰਤ ਇਸ ਕਸ਼ਟ ਵਿੱਚ ਵੇਖਣਾ ਨਹੀ ਚਾਹੁੰਦਾ।”



"ਤੇਰੇ ਭਰਾਵਾਂ ਕੋਲ ਪਰਮੇਸ਼ਵਰ ਦਾ ਵਚਨ ਹੈ,"
ਅਬਰਾਹਾਮ ਨੇ ਜਵਾਬ ਦਿੱਤਾ। ਜੇਕਰ ਉਹ ਪੰਜ ਭਰਾ
ਬਾਈਬਲ ਤੇ ਵਿਸ਼ਵਾਸ਼ ਨਹੀ ਕਰਨਗੇ, ਉਹ ਵਿਸ਼ਵਾਸ਼
ਨਹੀ ਕਰਨਗੇ ਭਾਂਵੇ ਲ਼ਾਜ਼ਰ ਮੁਰਦਿਆਂ ਵਿੱਚੋਂ ਵਾਪਸ
ਚਲਾ ਜਾਵੇ।



ਜਦ ਯਿਸੂ ਨੇ ਅਮੀਰ ਆਦਮੀ ਅਤੇ ਲ਼ਾਜ਼ਰ ਦੀ ਕਹਾਣੀ ਖ਼ਤਮ ਕੀਤੀ, ਸ਼ਾਇਦ ਧਾਰਮੀਕ ਆਗੂਆਂ ਨੇ ਆਪਣੇ ਆਪ ਨੂੰ ਪੁੱਛਿਆ ਹੋਣਾ, “ਕੀ ਮੈਂ ਅਮੀਰੀ ਨੂੰ ਪਰਮੇਸ਼ਵਰ ਨਾਲੋਂ ਜਿਆਦਾ ਪਿਆਰ ਕਰਦਾ ਹਾਂ?” ਹੁਣ
ਉਹ ਜਾਣ ਗਏ ਜੇਕਰ ਉਹਨਾਂ ਪਰਮੇਸ਼ਵਰ
ਦਾ ਵਚਨ ਨਾ ਸੁਣਿਆ ਤਾਂ ਕੀ ਹੋਵੇਗਾ।



# ਅਮੀਰ ਆਦਮੀ, ਗਰੀਬ ਆਦਮੀ

ਇਹ ਕਹਾਣੀ ਪਰਮੇਸ਼ਵਰ ਦਾ ਵਚਨ, ਜੋ ਬਾਈਬਲ ਹੈ

ਇਹ ਪਾਈ ਜਾਂਦੀ ਹੈ

ਲੂਕਾ ਦੀ ਇੰਜੀਲ 16

ਸ਼ਬਦਾ ਦੇ ਪਰਵੇਸ਼ ਦੁਆਰਾ ਰੋਸ਼ਨੀ ਮਿਲਦੀ ਹੈ।
ਜ਼ਬੂਰਾਂ ਦੀ ਪੋਥੀ 119:130

# ਸਮਾਪਤ

ਇਹ ਬਾਈਬਲ ਦੀ ਕਹਾਣੀ ਸਾਨੂੰ ਸਾਡੇ ਅਨੋਖੇ ਪਰਮੇਸ਼ਵਰ ਦੇ ਬਾਰੇ ਦੱਸਦੀ ਹੈ, ਜਿਸ ਨੇ ਸਾਨੂੰ ਬਣਾਇਆ ਅਤੇ ਉਹ ਚਾਹੁੰਦਾ ਹੈ ਕਿ ਅਸੀ ਉਸਨੂੰ ਜਾਣੀਏ।

ਪਰਮੇਸ਼ਵਰ ਜਾਣਦਾ ਹੈ ਕਿ ਅਸੀ ਬੁਰੇ ਕੰਮ ਕੀਤੇ ਹਨ। ਜਿਨ੍ਹਾਂ ਨੂੰ ਉਹ ਪਾਪ ਕਹਿੰਦਾ ਹੈ।ਪਾਪ ਦੀ ਸਜ਼ਾ ਮੌਤ ਹੈ, ਪਰ ਪਰਮੇਸ਼ਵਰ ਤੁਹਾਨੂੰ ਬਹੁਤ ਪਿਆਰ ਕਰਦਾ ਹੈ।ਇਸ ਲਈ ਉਸਨੇ ਆਪਣੇ ਇਕਲੌਤੇ ਪੁੱਤਰ ਯਿਸੂ ਨੂੰ ਭੇਜਿਆਂ, ਕਿ ਸਲੀਬ ਤੇ ਆਪਣੀ ਜਾਨ ਕੁਰਬਾਨ ਕਰੇ ਅਤੇ ਸਾਡੇ ਗੁਨਾਹਾਂ ਲਈ ਸਜ਼ਾ ਪਾਵੇ।ਤਦ ਯਿਸੂ ਮੁਰਦਿਆਂ ਵਿੱਚੋ ਜੀ ਉਠਿਆਂ ਅਤੇ ਆਪਣੇ ਸਵਰਗੀ ਘਰ ਨੂੰ ਵਾਪਿਸ ਪਰਤ ਗਿਆ।ਜ਼ੇਕਰ ਤੁਸੀ ਯਿਸੂ ਉਤੇ ਵਿਸ਼ਵਾਸ਼ ਕਰਕੇ ਆਪਣੇ ਪਾਪਾ ਲਈ ਮੁਆਫੀ ਮੰਗਦੇ ਹੋ ਤਾਂ ਉਹ ਤੁਹਾਡੇ ਲਈ ਇਹ ਕਰੇਗਾ।ਉਹ ਆਵੇਗਾ ਅਤੇ ਹੁਣ ਤੁਹਾਡੇ ਵਿੱਚ ਵੱਸੇਗਾ, ਅਤੇ ਤੁਸੀ ਉਸਦੇ ਨਾਲ ਹਮੇਸ਼ਾ ਤੱਕ ਵੱਸੋਗੇ।

ਜ਼ੇਕਰ ਤੁਸੀ ਵਿਸ਼ਵਾਸ਼ ਕਰਦੇ ਹੋ ਕਿ ਇਹ ਸੱਚਾਈ ਹੈ ਤਾਂ ਪਰਮੇਸ਼ਵਰ ਨੂੰ ਇਹ ਆਖੋ ਪਿਆਰੇ ਯਿਸੂ, ਮੈ ਵਿਸ਼ਵਾਸ਼ ਕਰਦਾ ਹਾਂ ਕਿ ਤੁਸੀ ਪਰਮੇਸ਼ਵਰ ਹੋ, ਅਤੇ ਤੁਸੀ ਇਨਸਾਨ ਬਣੇ ਕਿ ਮੇਰੇ ਪਾਪਾਂ ਲਈ ਮਰੋ ਅਤੇ ਹੁਣ ਤੁਸੀ ਜਿੰਦਾ ਹੋ। ਕਿਰਪਾ ਕਰਕੇ ਮੇਰੇ ਜੀਵਨ ਵਿੱਚ ਆਓ ਅਤੇ ਮੇਰੇ ਪਾਪਾਂ ਨੂੰ ਮੁਆਫ਼ ਕਰੋ, ਤਾਂ ਜੋ ਹੁਣ ਮੈ ਨਵਾਂ ਜੀਵਨ ਪਾਵਾਂ, ਅਤੇ ਇੱਕ ਦਿਨ ਤੁਹਾਡੇ ਨਾਲ ਹਮੇਸ਼ਾਂ ਦੇ ਲਈ ਜਾਵਾਂ। ਮੇਰੀ ਮਦਦ ਕਰੋ ਕਿ ਮੈ ਤੁਹਾਡੀ ਆਗਿਆ ਨੂੰ ਮੰਨਾ ਅਤੇ ਤੁਹਾਡੇ ਲਈ ਜੀਵਾਂ, ਤੁਹਾਡਾ ਬੱਚਾ ਬਣ ਕੇ ਆਮੀਨ।

ਪਰਮੇਸ਼ਵਰ ਦੇ ਵਚਨ ਨੂੰ ਪੜੋ ਅਤੇ ਰੋਜ਼ਾਨਾਂ ਉਸਦੇ ਨਾਲ ਗੱਲਬਾਤ ਕਰੋ। ਯਹੂੰਨਾ ਦੀ ਇੰਜੀਲ 3:16